Office Order 1.1.16

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਮੁੱਖ ਦਫ਼ਤਰ, ਪਟਿਆਲਾ

ਨੰਬਰ ਸੀ.ਈ.ਈ.(ਹੈ:ਕੁ:-2)/2017/973

ਮਿਤੀ 5/9/17

## ਦਫ਼ਤਰੀ ਹੁਕਮ

ਬੋਰਡ ਦੇ ਦਫਤਰੀ ਹੁਕਮ ਨੰਬਰ ਸੀਨੀਅਰ ਵਾਤਾਵਰਣ ਇੰਜੀਨੀਅਰ(ਹੈ:ਕੁ:-2)ਫ਼.ਨੰ: 281/2015/244 ਮਿਤੀ 4.8.2015 ਰਾਂਹੀ ਹੁਕਮ ਜ਼ਾਰੀ ਕੀਤਾ ਗਿਆ ਸੀ ਕਿ ਜੇਕਰ ਪ੍ਰੋਜੈਕਟ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.9.2006 ਅਧੀਨ ਕਵਰ ਨਹੀ ਹੁੰਦਾ ਤਾਂ ਉਦਯੋਗਪਤੀ ਪ੍ਰੋਜੈਕਟ ਦੇ ਚਾਲੂ ਹੋਣ ਦੇ ਸਮੇ ਅਨੁਸਾਰ, ਪਹਿਲੇ ਇੱਕ ਸਾਲ ਦੀ ਪੂਰੀ ਐਨ.ਓ.ਸੀ ਫੀਸ ਅਤੇ ਅਗਲੇ ਜਿੰਨੇ ਸਾਲਾਂ ਵਾਸਤੇ ਉਦਯੋਗਪਤੀ ਨੂੰ ਐਨ.ਓ.ਸੀ ਚਾਹੀਦਾ ਹੈ (ਜਿਹੜਾ ਕਿ ਪੰਜ ਸਾਲ ਤੋ ਵੱਧ ਨਹੀ ਹੋਵੇਗਾ), ਉਨੇ ਸਮੇ ਦੀ ਅੱਧੀ ਫੀਸ ਪ੍ਰਤੀ ਸਾਲ ਜਮਾਂ ਕਰਵਾ ਕੇ, ਉਸ ਅਨੁਸਾਰ ਇੱਕ ਸਾਲ ਜਾਂ ਵੱਧ ਸਮੇ ਲਈ (ਵੱਧ ਤੋਂ ਵੱਧ ਪੰਜ ਸਾਲ ਲਈ) ਐਨ.ਓ.ਸੀ ਲੈ ਸਕਦਾ ਹੈ। ਪਰ ਜੇਕਰ ਪ੍ਰੋਜੈਕਟ/ਪਲਾਂਟ ਮਿੱਥੇ 5 ਸਾਲਾਂ ਵਿਚ ਚਾਲੂ ਨਹੀ ਹੁੰਦਾ ਤਾਂ ਉਦਯੋਗਪਤੀ ਨੂੰ ਪਹਿਲਾਂ ਜਾਰੀ ਕੀਤੇ ਐਨ.ਓ.ਸੀ ਦੀ ਮਿਆਦ ਵਿੱਚ ਵਾਧਾ ਨਹੀ ਕੀਤਾ ਜਾਵੇਗਾ ਅਤੇ ਉਹ ਬੋਰਡ ਤੋ ਉਸ ਸਮੇ ਦੌਰਾਨ (5 ਸਾਲ ਬਾਅਦ) ਪ੍ਰਚੱਲਤ ਗਾਈਡ ਲਾਈਨਜ਼ ਅਨੁਸਾਰ ਨਵਾਂ ਐਨ.ਓ.ਸੀ ਲੈਣ ਲਈ ਅਪਲਾਈ ਕਰੇਗਾ।

ਹੁਣ ਬੋਰਡ ਦੇ ਇਸ ਦਫਤਰੀ ਹੁੱਕਮ ਦੀ ਲਗਾਤਾਰਤਾ ਵਿੱਚ ਇਹ ਹੁਕਮ ਜ਼ਾਰੀ ਕੀਤਾ ਜਾਂਦਾ ਹੈ ਕਿ ਜੇਕਰ ਪ੍ਰੋਜੈਕਟ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.9.2006 ਅਧੀਨ ਕਵਰ ਹੁੰਦਾ ਹੈ ਤਾਂ ਉਦਯੋਗਪਤੀ ਨੂੰ ਉਸ ਸਮੇ ਤੱਕ ਦੀ ਮਿਆਦ ਦਾ ਐਨ.ਓ.ਸੀ ਜਾਰੀ ਕਰ ਦਿੱਤਾ ਜਾਵੇ ਜਿਸ ਸਮੇ ਤੱਕ ਦਾ ਐਨ.ਓ.ਸੀ ਲੈਣ ਲਈ ਉਸਨੇ ਅਰਜੀ ਦਿੱਤੀ ਹੈ ਅਤੇ ਫੀਸ ਜਮਾਂ ਕਰਵਾਈ ਹੈ ਪ੍ਰੰਤੂ ਇਹ ਐਨ.ਓ.ਸੀ ਪੰਜ ਸਾਲ ਜਾਂ ਜਾਰੀ ਕੀਤੇ ਐਨਵਾਇਰਨਮੈਂਟਲ ਕਲੀਅਰੈਂਸ ਦੀ ਮਿਆਦ (ਜਿਹੜਾ ਵੀ ਪਹਿਲਾਂ ਹੋਵੇ) ਤੱਕ ਹੋਵੇਗਾ ਬਸ਼ਰਤੇ ਕਿ ਪ੍ਰੋਜੈਕਟ ਪ੍ਰੋਪੋਨੈਂਟ ਨੇ ਇਨਵਾਇਰਮੇਂਟ ਕਲੀਅਰੈਂਸ ਲਈ ਹੋਵੇ।

ਇਹ ਹੁੱਕਮ ਤੁਰੰਤ ਲਾਗੂ ਹੋਣਗੇ।

ਚੇਅਰਮੈਨ

ਪਿੱਠ ਅੰਕਣ ਨੰ:.ਸੀ.ਈ.ਈ. ਹੈ:ਕੁ:-2/2017/35792-837 ਮਿਤੀ 5/9/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਬਠਿੰਡਾ/ਪਟਿਆਲਾ/ ਜਲੰਧਰ/ਲੁਧਿਆਣਾ।
2. ਸੀਨੀਅਰ ਵਾਤਾਵਰਣ ਇੰਜੀਨੀਅਰ (ਹੈ:ਕੁ:-1/2/3), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
3. ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਦਫਤਰ, ਪਟਿਆਲਾ-1/2, ਲੁਧਿਆਣਾ-1/2, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ।
4. ਸੀਨੀਅਰ ਵਿਗਿਆਨਕ ਅਫਸਰ(ਪ੍ਰਯੋਗਸ਼ਾਲਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
5. ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ, ਲੁਧਿਆਣਾ-1,2,3,4 ਜਲੰਧਰ, ਅੰਮ੍ਰਿਤਸਰ, ਸੰਗਰੂਰ, ਫਰੀਦਕੋਟ, ਫ਼ਤਿਹਗੜ੍ਹ ਸਾਹਿਬ, ਮੁਹਾਲੀ, ਹੁਸ਼ਿਆਰਪੁਰ, ਬਟਾਲਾ ਅਤੇ ਬਠਿੰਡਾ।
6. ਵਾਤਾਵਰਣ ਇੰਜੀਨੀਅਰ(ਕੰਪਿਊਟਰ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਇਸ ਦਫਤਰੀ ਹੁਕਮ ਨੂੰ ਬੋਰਡ ਦੀ ਵੈਬ-ਸਾਈਟ ਉਪਰ ਅਪਲੋਡ ਕੀਤਾ ਜਾਵੇ।
7. ਵਿਗਿਆਨਕ ਅਫਸਰ(ਹਵਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
8. ਵਾਤਾਵਰਣ ਇੰਜੀਨੀਅਰ,(ਹੈਡ.ਕੂ-1/2/3), ਉਸਾਰੀ/ ਸੀ.ਐਸ.ਏ/ਕੰਪਿਊਟਰ/ਸੀਆ/ਸੀਕ/ਮੇਗਾ/ ਐਚ.ਡਬਲਯੂ.ਐਮ/ ਆਰ.ਟੀ.ਆਈ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
9. ਪ੍ਰਬੰਧਕੀ ਅਫ਼ਸਰ-1/2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
10. ਉਪ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
11. ਪੀ.ਐਸ ਟੂ ਚੇਅਰਮੈਨ/ ਪੀ.ਏ ਟੂ ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਮੈਂਬਰ ਸਕੱਤਰ